ਦੀ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਸ ਰੈਗੂਲੇਸ਼ਨ) ਸੋਧ ਬਿਲ, 2022

ਪੰਜਾਬ ਬਿਲ ਨੰ. 7 ਆਫ 2022

ਇੱਕ

ਬਿਲ

ਦੀ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਸ ਰੈਗੂਲੇਸ਼ਨ) ਐਕਟ, 1977 ਵਿੱਚ ਹੋਰ ਸੋਧ ਕਰਨ ਲਈ।

ਇਸ ਨੂੰ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਭਾਰਤ ਦੇ ਗਣਤੰਤਰ ਦੇ ਤਿਹੱਤਰਵੇਂ ਸਾਲ ਵਿੱਚ ਹੇਠ ਅਨੁਸਾਰ ਲਾਗੂ ਕੀਤਾ ਗਿਆ:-

ਸੰਖੇਪ ਸਿਰਲੇਖ ਅਤੇ ਆਰੰਭ

1. (1) ਇਸ ਐਕਟ ਨੂੰ ਦੀ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਸ ਰੈਗੂਲੇਸ਼ਨ) ਸੋਧ ਐਕਟ, 2022 ਕਿਹਾ ਜਾਵੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ ਲਾਗੂ ਹੋਵੇਗਾ।

1977 ਦੇ ਪੰਜਾਬ ਐਕਟ 5 ਦੀ ਧਾਰਾ 3 ਵਿੱਚ ਸੋਧ

2. ਦੀ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਸ ਰੈਗੂਲੇਸ਼ਨ) ਐਕਟ, 1977 ਦੇ ਸੈਕਸ਼ਨ 3 ਦੀ ਉਪ ਧਾਰਾ (1) ਲਈ ਹੇਠ ਲਿਖੀ ਉਪ-ਧਾਰਾ ਬਦਲੀ ਜਾਵੇਗੀ, ਅਰਥਾਤ:-

"(1) ਮੈਂਬਰ ਦੇ ਤੌਰ ਤੇ ਰਹੇ ਹਰੇਕ ਵਿਅਕਤੀ ਨੂੰ ਸੱਠ ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਅਤੇ ਉਸ ਤੇ ਮਹਿੰਗਾਈ ਭੱਤਾ (ਜੋ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਤੇ ਲਾਗੂ ਹੁੰਦਾ ਹੈ) ਦਾ ਭੁਗਤਾਨ ਕੀਤਾ ਜਾਵੇਗਾ, ਭਾਵੇਂ ਉਸ ਨੇ ਮੈਂਬਰ ਵਜੋਂ ਕਿੰਨੀਆਂ ਵੀ ਟਰਮਾਂ ਨਿਭਾਈਆਂ ਹੋਣ ਅਤੇ ਭਾਵੇਂ ਪੰਜਾਬ ਵਿਧਾਨ ਸਭਾ ਦੇ ਕਿੰਨੇ ਵੀ ਕਾਰਜਕਾਲ ਹੋਣ, ਜਿਸ ਵਿੱਚ ਉਸ ਨੇ ਇੱਕ ਮੈਂਬਰ ਵਜੋਂ ਸੇਵਾ ਨਿਭਾਈ:

ਬਸ਼ਰਤੇ ਕਿ ਜਦੋਂ ਕੋਈ ਵਿਅਕਤੀ, ਜਿਸ ਨੇ ਮੈਂਬਰ ਵਜੋਂ ਸੇਵਾ ਨਿਭਾਈ ਸੀ, 65 ਸਾਲ, 75 ਸਾਲ ਅਤੇ 80 ਸਾਲ ਦਾ ਹੋ ਜਾਂਦਾ ਹੈ, ਤਾਂ ਅਜਿਹੀ ਉਮਰ ਦਾ ਹੋਣ ਤੇ ਉਹ ਮੁੱਢਲੀ ਪੈਨਸ਼ਨ ਦਾ ਕ੍ਰਮਵਾਰ ਪੰਜ ਪ੍ਰਤੀਸ਼ਤ, ਦਸ ਪ੍ਰਤੀਸ਼ਤ ਅਤੇ ਪੰਦਰਾਂ ਪ੍ਰਤੀਸ਼ਤ ਦੇ ਵਾਧੇ ਦਾ ਹੱਕਦਾਰ ਹੋਵੇਗਾ, ਜੋ ਉਸ ਨੂੰ ਅਜਿਹੀ ਉਮਰ ਦੀ ਪ੍ਰਾਪਤੀ ਤੇ ਮਿਲਣਯੋਗ ਹੈ। "।

<u>ਉਦੇਸ਼ਾਂ ਅਤੇ ਕਾਰਣਾਂ ਦਾ ਵਿਵਰਣ</u>

ਦੀ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼(ਪੈਨਸ਼ਨ ਅਤੇ ਮੈਡੀਕਲ ਫੈਸਿਲਟੀਜ਼ ਰੈਗੂਲੇਸ਼ਨ) ਐਕਟ, 1977 ਦੀ ਧਾਰਾ 3 (1) ਅਨੁਸਾਰ, ਪੰਜਾਬ ਵਿਧਾਨ ਸਭਾ ਦੇ ਇਕ ਮੈਂਬਰ ਨੂੰ ਪਹਿਲੀ ਟਰਮ ਲਈ (15 ਹਜ਼ਾਰ ਰੁਪਏ) ਪ੍ਰਤੀ ਮਹੀਨਾ ਜਮਾਂ ਉਸਤੇ ਮਹਿੰਗਾਈ ਭੱਤਾ (ਜਿਵੇ ਕਿ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਨੂੰ ਮਿਲਣਯੋਗ ਹੈ) ਅਤੇ ਹਰ ਅਗਾਮੀ ਟਰਮ ਲਈ ਵਾਧੂ (ਦੱਸ ਹਜ਼ਾਰ ਰੁਪਏ) ਜਮ੍ਹਾਂ ਉਸਤੇ ਮਹਿਗਾਈ ਭੱਤਾ (ਜਿਵੇ ਕਿ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਨੂੰ ਮਿਲਣਯੋਗ ਹੈ), ਪੰਜਾਬ ਵਿਧਾਨ ਸਭਾ ਦੇ ਕਾਰਜਕਾਲਾਂ ਦਾ ਧਿਆਨ ਕੀਤੇ ਬਿਨ੍ਹਾਂ ਜਿਸ ਦੌਰਾਨ ਉਸ ਨੇ ਇਕ ਮੈਂਬਰ ਵਜੋਂ ਸੇਵਾ ਨਿਭਾਈ ਹੈ, ਮੁਹੱਈਆ ਕਰਵਾਉਣ ਦਾ ਉਪਬੰਧ ਹੈ।

2 ਹੁਣ ਪੰਜਾਬ ਸਰਕਾਰ ਦੇ ਨਿਰਣੇ ਅਨੁਸਾਰ,ਪੰਜਾਬ ਵਿਧਾਨ ਸਭਾ ਦੇ ਇਕ ਮੈਂਬਰ ਨੂੰ ਸੱਠ ਹਜ਼ਾਰ ਰੁਪਏ ਪ੍ਰਤੀ ਮਹੀਨਾ ਜਮ੍ਹਾਂ ਉਸਤੇ ਮਹਿੰਗਾਈ ਭੱਤਾ (ਜਿਵੇਂ ਕਿ ਪੰਜਾਬ ਸਰਕਾਰ ਦੇ ਪੈਨਸ਼ਨਰਾਂ ਨੂੰ ਮਿਲਣਯੋਗ ਹੈ), ਪੰਜਾਬ ਵਿਧਾਨ ਸਭਾ ਦੇ ਕਾਰਜਕਾਲਾਂ ਅਤੇ ਮਿਆਦਾਂ ਦਾ ਧਿਆਨ ਕੀਤੇ ਬਿਨ੍ਹਾਂ ਜਿਸ ਦੌਰਾਨ ਉਸਨੇ ਇਕ ਮੈਂਬਰ ਵਜੋਂ ਸੇਵਾ ਨਿਭਾਈ ਹੈ ਮੁਹੱਈਆ ਕਰਵਾਈ ਜਾਣੀ ਹੈ। ਇਸ ਅਨੁਸਾਰ, ਐਕਟ ਦੇ ਪ੍ਰਾਸੰਗਿਕ ਉਪਬੰਧਾਂ ਵਿੱਚ ਲੋੜੀਂਦੀ ਸੋਧਨਾ ਤਜਵੀਤ ਹੈ।

3. ਇਸ ਨਾਲ ਸਰਕਾਰੀ ਖ਼ਜ਼ਾਨੇ ਤੇ ਵਿੱਤੀ ਬੋਝ ਘਟੇਗਾ।

4. ਇਸ ਲਈ ਇਹ ਬਿੱਲ ਲਿਆਂਦਾ ਗਿਆ ਹੈ।

ਚੰਡੀਗੜ੍ਹ
25.6.2022

ਭਗਵੰਤ ਮਾਨ,
ਮੁੱਖ ਮੰਤਰੀ,

(ਸੰਸਦੀ ਮਾਮਲਿਆ ਦੇ ਮੰਤਰੀ)
ਪੰਜਾਬ।

<u>ਵਿੱਤੀ ਯਾਦ-ਪੱਤਰ</u>

ਦੀ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲਟੀਜ਼) ਸੋਧ ਬਿਲ, 2022 ਦਾ ਉਦੇਸ਼ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਨੂੰ ਸਿਰਫ ਇਕ ਟਰਮ ਲਈ (ਪੰਜਾਬ ਵਿਧਾਨ ਸਭਾ ਦੇ ਕਾਰਜਕਾਲਾਂ ਦਾ ਧਿਆਨ ਕੀਤੇ ਬਿਨ੍ਹਾਂ ਜਿਸ ਦੌਰਾਨ ਕਿ ਉਸਤੇ ਇਕ ਮੈਂਬਰ ਵਜੋਂ ਸੇਵਾ ਨਿਭਾਈ ਹੈ) ਲਈ ਪੈਨਸ਼ਨ ਮੁਹੱਈਆਂ ਕਰਵਾਉਣਾ ਹੈ।

ਇਸ ਬਿਲ ਵਿੱਚ ਵਿੱਤੀ ਬੋਝ ਸ਼ਾਮਿਲ ਹੈ ਕਿ ਇਸ ਸੋਧ ਨਾਲ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਨੂੰ ਸਿਰਫ ਇਕ ਟਰਮ ਲਈ ਪੈਨਸ਼ਨ ਮੁਹੱਈਆਂ ਕਰਵਾਏ ਜਾਣ ਦੇ ਕਾਰਨ 19.53 ਕਰੋੜ ਰੁਪਏ (ਲੱਗਭੱਗ) ਸਾਲਾਨਾ ਬੱਚਤ ਹੋਵੇਗੀ।

ਚੰਡੀਗੜ੍ਹ
25.6.2022

ਭਗਵੰਤ ਮਾਨ,
ਮੁੱਖ ਮੰਤਰੀ,

(ਸੰਸਦੀ ਮਾਮਲਿਆ ਦੇ ਮੰਤਰੀ)
ਪੰਜਾਬ।